ਮਾਡਲ ਟੈਸਟ ਪੇਪਰ

**ਕਲਾਸ: ਅਠਵੀਂ**

**ਸੈਸ਼ਨ: 2021-22 (ਟਰਮ-II)**

**ਵਿਸ਼ਾ: ਸਮਾਜਿਕ ਵਿਗਿਆਨ**

**ਕੁੱਲ ਸਮਾਂ :2 ਘੰਟੇ** **ਕੁੱਲ ਅੰਕ :40**

**ਭਾਗ-(ੳ)**

**I. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।**

1. ਕੁਦਰਤੀ ਆਫ਼ਤਾਂ ਤੋਂ ਕੀ ਭਾਵ ਹੈ?
2. ਭਾਰਤ ਦੇ ਪਹਿਲੇ ਰਾਸ਼ਟਰਪਤੀ ਕੌਣ ਸਨ?
3. ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨ੍ਹੇ ਮੈਂਬਰ ਨਾਮਜ਼ਦ ਕਰ ਸਕਦਾ ਹੈ ? **(3x1=3)**

**ਭਾਗ-(ਅ)**

**II. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।**

1. ਭਾਰਤ ਵਿੱਚ ਕੱਚਾ ਲੋਹਾ ਕਿੱਥੇ-ਕਿੱਥੇ ਮਿਲਦਾ ਹੈ?
2. ਭੂਚਾਲ ਤੋਂ ਤੁਹਾਡਾ ਕੀ ਭਾਵ ਹੈ?
3. ਚੱਕਰਵਾਤ ਕੀ ਹੁੰਦਾ ਹੈ?ਇਸ ਨੂੰ ਹੋਰ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ?
4. ਪੱਛਮੀ ਸਿੱਖਿਆ ਪ੍ਰਣਾਲੀ ਦੇ ਕੋਈ ਦੋ ਪ੍ਰਭਾਵ ਲਿਖੋ?
5. ਸਤੀ ਪ੍ਰਥਾ ਨੂੰ ਕਦੋਂ ਅਤੇ ਕਿਸਦੇ ਯਤਨਾਂ ਸਦਕਾ ਗੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ?
6. ਵੀਰ ਸਲਿੰਗਮ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦੇ ਪੈਗੰਬਰ ਕਿਉਂ ਕਿਹਾ ਜਾਂਦਾ ਹੈ?
7. ਬਸਤੀਵਾਦ ਤੋਂ ਕੀ ਭਾਵ ਹੈ?
8. ਸਰਕਾਰੀ ਵਕੀਲ ਕੀ ਹੁੰਦੇ ਹਨ?
9. ਫੌਜਦਾਰੀ ਮੁਕੱਦਮੇ ਕਿਹੜੇ ਹੁੰਦੇ ਹਨ?
10. ਅਨਪੜ੍ਹਤਾ ਦਾ ਲੋਕਤੰਤਰ ਤੇ ਕੀ ਪ੍ਰਭਾਵ ਪੈਂਦਾ ਹ? **(10x2=20)**

**ਭਾਗ-(ੲ)**

**III. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ 80-100 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ।**

1. ਪੰਜਾਬ ਵਿੱਚ ਕਪਾਹ ਦੀ ਪੈਦਾਵਾਰ ਤੇ ਇਕ ਨੋਟ ਲਿਖੋ?
2. ਚਾਹ ਅਤੇ ਕੌਫੀ ਦੇ ਪੌਦਿਆਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਂਦੀ ਹੈ?
3. ਭਾਰਤ ਛੱਡੋ ਅੰਦੋਲਨ ਕੀ ਸੀ?
4. ਸੰਪ੍ਰਦਾਇਕਤਾ' ਤੇ ਨੋਟ ਲਿਖੋ?
5. ਭਾਰਤੀ ਸੰਸਦ ਦੀ ਬਣਤਰ ਲਿਖੋ? **(3x3=9)**

**ਭਾਗ-(ਸ)**

**IV. ਸਰੋਤ ਅਧਾਰਿਤ ਪ੍ਰਸ਼ਨ :**

**1905** ਈ .ਵਿੱਚ ਲਾਰਡ ਕਰਜ਼ਨ ਨੇ ਬੰਗਾਲ ਦੀ ਵੰਡ ਕਰ ਦਿੱਤੀ । ਇਸ ਵੰਡ ਕਰਨ ਦਾ ਅਸਲੀ ਉਦੇਸ਼ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਫੁੱਟ ਪਾਉਣੀ ਅਤੇ ਰਾਸ਼ਟਰੀ ਸ਼ਕਤੀ ਨੂੰ ਕਮਜ਼ੋਰ ਕਰਨਾ ਸੀ ।ਸਰਕਾਰ ਨੇ ਜਦੋਂ ਬੰਗਾਲ ਦੀ ਵੰਡ ਦਾ ਐਲਾਨ ਕੀਤਾ ਤਾਂ ਲੋਕਾਂ ਨੇ ਥਾਂ- ਥਾਂ ਤੇ ਜਲਸੇ ,ਜਲੂਸ ਅਤੇ ਹੜਤਾਲਾਂ ਸ਼ੁਰੂ ਕਰ ਦਿੱਤੀਆਂ ।ਬੰਗਾਲ ਦੀ ਵੰਡ ਦੇ ਵਿਰੋਧ ਵਿਚ ਸਵਦੇਸ਼ੀ ਅੰਦੋਲਨ ਸ਼ੁਰੂ ਕੀਤਾ ਗਿਆ। ਬੰਗਾਲ ਦੀ ਵੰਡ ਹੋਣ ਨਾਲ ਕਾਂਗਰਸ ਵਿੱਚ ਨਰਮ ਦਲ ਅਤੇ ਗਰਮ ਦਲ ਦੋ ਸ਼ਕਤੀਸ਼ਾਲੀ ਦਲ ਸਥਾਪਿਤ ਹੋਏ।

**ਉੱਪਰ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ -: (3X1=3)**

1. ਬੰਗਾਲ ਦੀ ਵੰਡ ਦਾ ਉਦੇਸ਼ ਕੀ ਸੀ?
2. ਬੰਗਾਲ ਦੀ ਵੰਡ ਦੇ ਵਿਰੋਧ ਵਿਚ ਕਿਹੜਾ ਅੰਦੋਲਨ ਸ਼ੁਰੂ ਕੀਤਾ ਗਿਆ ?
3. ਕਾਂਗਰਸ ਵਿੱਚ ਕਿਹੜੇ-ਕਿਹੜੇ ਦਲ ਸਥਾਪਿਤ ਹੋਏ?

**ਭਾਗ-(ਹ)**

**V. ਭਾਰਤ ਦੇ ਨਕਸ਼ੇ ਵਿੱਚ ਕੋਈ ਪੰਜ ਸਥਾਨ ਭਰੋ: )5x1=5)**

(1) ਕੱਚਾ ਲੋਹਾ ਖੇਤਰ
(2) ਸੋਨਾ ਖੇਤਰ
(3) ਅਬਰਕ ਖੇਤਰ
)4( ਮੈਂਗਨੀਜ ਖੇਤਰ
)5 ( ਤਾਂਬਾ ਖੇਤਰ
)6( ਕਣਕ ਪੈਦਾ ਕਰਨ ਵਾਲਾ ਖੇਤਰ
)7 ( ਚਾਵਲ ਪੈਦਾ ਕਰਨ ਵਾਲਾ ਖੇਤਰ
)8 ( ਚਾਹ ਪੈਦਾ ਕਰਨ ਵਾਲਾ ਖੇਤਰ